ਪੰਜਾਬ ਸਰਕਾਰ

ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ

ਵਿਕਾਸ ਭਵਨ, ਪਲਾਟ ਨੰਬਰ: 1, ਸੈਕਟਰ-62,ਫੇਜ-8
ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)
ਫੋਨ ਤੇ ਫੈਕਸ: 0172-2231749 ਈ-ਮੇਲ: sirdpb@gmail.com

ਰਿਸੋਰਸ ਪਰਸਨਜ਼ ਦੇ ਪੈਨਲ ਲਈ ਅਰਜ਼ੀਆਂ ਦੀ ਮੰਗ

ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ, ਐਸ.ਏ.ਐਸ.ਨਗਰ ਵੱਲੋਂ ਪੰਜਾਬ ਸਰਕਾਰ ਦੀ ਅਗਵਾਈ ਅਤੇ ਸੇਧ ਅਧੀਨ ਭਾਰਤ ਸਰਕਾਰ ਦੇ ਪੰਚਾਇਤੀ ਰਾਜ ਅਤੇ ਪੇਂਡੂ ਵਿਕਾਸ ਮੰਤਰਾਲੇ ਦੇ ਸਹਿਯੋਗ ਨਾਲ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਅਤੇ ਕਰਮਚਾਰੀਆ ਨੂੰ ਟਰੇਨਿੰਗ ਦੇਣ ਦੇ ਪ੍ਰਾਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਇਨ੍ਹਾਂ ਪ੍ਰਾਜੈਕਟਾਂ ਤਹਿਤ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਲਈ ਪੰਚਾਇਤੀ ਰਾਜ ਸੰਸਥਾਵਾ ਦੇ ਨਵੇਂ ਚੁਣੇ ਹੋਏ ਨੁਮਾਇੰਦਿਆਂ ਅਤੇ ਕਰਮਚਾਰੀਆ ਨੂੰ ਟਰੇਨਿੰਗ ਦੇਣ ਲਈ ਇਸ ਸੰਸਥਾ ਵੱਲੋਂ ਰਿਸੋਰਸ ਪਰਸਨਜ਼ ਦੇ ਪੈਨਲ ਵਿੱਚ ਵਾਧਾ ਕੀਤਾ ਜਾ ਰਿਹਾ ਹੈ।ਰਿਸੋਰਸ ਪਰਸਨਜ਼ ਦੇ ਇਸ ਪੈਨਲ ਲਈ ਯੋਗ ਵਿਅਕਤੀਆਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ।

ਰਿਸੋਰਸ ਪਰਸਨਜ਼ ਲਈ ਯੋਗਤਾਵਾਂ:-

1. ਚਾਹਵਾਨ ਵਿਅਕਤੀ ਐਮ.ਏ. (ਸ਼ੋਸ਼ਲ ਸਾਇੰਸਜ਼) ਜਾਂ ਸਿੱਖਿਆ ਫੈਕਲਟੀ ਵਿੱਚ ਘੱਟੋ ਘੱਟੋ ਬੈਚਲਰ ਡਿਗਰੀ ਜਾਂ ਮਾਸਟਰਜ਼ ਇੰਨ ਮਾਸ ਕਮਿਯੁਨੀਕੇਸ਼ਨ ਜਾਂ ਮਾਸਸਟਰਜ਼ ਇੰਨ ਥਿਏਟਰ, ਟੈਲੀਵੀਜ਼ਨ, ਡਰਾਮਾ ਜਾਂ ਸਿਹਤ ਸੇਵਾਵਾਂ ਨਾਲ ਸਬੰਧਤ ਬੈਚੁਲਰ ਡਿਗਰੀ ਜਾਂ ਕਾਨੂੰਨ ਦੀ ਡਿਗਰੀ ਪਾਸ ਹੋਵੇ ਜਾਂ ਪਿੰਡਾਂ ਨਾਲ ਸਬੰਧਤ ਕਿਸੇ ਸਰਕਾਰੀ ਮਹਿਕਮੇ ਜਿਵੇਂ ਕਿ ਪੇਂਡੂ ਵਿਕਾਸ, ਪੰਚਾਇਤੀ ਰਾਜ, ਸਮਾਜਿਕ ਸੁਰੱਖਿਆ ਔਰਤਾਂ ਅਤੇ ਬਾਲ ਵਿਕਾਸ, ਸਿੱਖਿਆ, ਸਿਹਤ ਵਿਭਾਗ ਵਗੈਰਾ ਵਿੱਚ ਘੱਟੋ-ਘੱਟ 'ਬੀ' ਗਰੇਡ ਸਕੇਲ ਵਿੱਚੋ ਰਿਟਾਇਰ ਹੋਇਆ ਹੋਵੇ।
2. ਉਮੀਦਵਰ ਨੂੰ ਦਸਵੀਂ ਪੱਧਰ ਤੱਕ ਪੰਜਾਬੀ ਭਾਸ਼ਾ ਦਾ ਗਿਆਨ ਹੋਵੇ।

ਮਾਣ ਭੱਤਾ:-

- ਪੈਨਲ ਵਿੱਚ ਰੱਖੇ ਗਏ ਰਿਸੋਰਸ ਪਰਸਨਜ਼ ਨੂੰ ਪ੍ਰਤੀ ਲੈਕਚਰ ਦੇ ਹਿਸਾਬ ਨਾਲ ਸਰਕਾਰ ਵੱਲੋਂ ਨਿਰਧਾਰਤ ਦਰਾਂ 'ਤੇ ਮਾਣ-ਭੱਤਾ ਅਤੇ ਟੀ.ਏ. ਦਿੱਤਾ ਜਾਵੇਗਾ। ਇੱਕ ਰਿਸੋਰਸ ਪਰਸਨ ਨੂੰ ਪ੍ਰਤੀ ਦਿਨ ਵੱਧ ਤੋਂ ਵੱਧ ਦੋ ਲੈਕਚਰਾਂ ਲਈ ਮਾਣ-ਭੱਤਾ ਦਿੱਤਾ ਜਾਵੇਗਾ।

ਅਰਜੀ ਲਈ ਪ੍ਰੋਫਾਰਮਾ
ਰਿਸੋਰਸ ਪਰਸਨ ਦੇ ਪੈਨਲ ਲਈ ਅਰਜ਼ੀ

ਫੋਟੋ

1. ਉਮੀਦਵਾਰ ਦਾ ਨਾਂ .....
2. ਪਿਤਾ/ਪਤੀ ਦਾ ਨਾਂ .....
3. ਜਨਮ ਮਿਤੀ: .....
4. ਕੈਟਾਗਰੀ (ਜਨਰਲ/ਓ.ਬੀ.ਸੀ./ਐਸ.ਸੀ.) .....
5. ਪੱਕਾ ਪਤਾ: .....
6. ਚਿੱਠੀ ਪੱਤਰ ਲਈ ਪਤਾ .....
7. ਫੋਨ ਨੰ: .....ਮੋਬਾਈਲ ਨੰ: .....

ਵਿੱਦਿਅਕ ਯੋਗਤਾਵਾਂ:-

ਪਾਸ ਕੀਤਾ ਇਮਤਿਹਾਨ	ਵਿਸ਼ਾ	ਪਾਸ ਕਰਨ ਦਾ ਸਾਲ	ਕਾਲਜ/ਸਕੂਲ	ਯੂਨੀਵਰਸਿਟੀ/ਬੋਰਡ

ਤਜਰਬਾ ਜੇਕਰ ਕੋਈ ਹੋਵੇ:

ਅਦਾਰੇ ਦਾ ਨਾਂ	ਅਹੁਦਾ	ਕੰਮ ਦੀ ਕਿਸਮ	ਸਮਾਂ		
			ਤੋਂ	ਤੱਕ	ਸਾਲਾਂ ਵਿੱਚ

ਇਸ ਸੰਸਥਾ ਵੱਲੋਂ ਰਿਸੋਰਸ ਪਰਸਨਜ਼ ਲਈ ਚਲਾਏ ਕਿਸੇ ਟਰੇਨਿੰਗ ਆਫ ਟਰੇਨਰਜ਼ ਵਿੱਚ ਭਾਗ ਲਿਆ ਹੈ, ਜੇ ਹਾਂ, ਤਾਂ
.....
..... ਉਮੀਦਵਾਰ ਦੇ ਹਸਤਾਖਰ

- ਚਾਹਵਾਨ ਵਿਅਕਤੀ ਆਪਣੀ ਅਰਜੀ ਉੱਪਰ ਦਿੱਤੇ ਪ੍ਰੋਫਾਰਮੇ ਦੇ ਰੂਪ ਵਿੱਚ ਏ-4 ਸਾਇਜ਼ ਦੇ ਪੇਪਰ 'ਤੇ ਟਾਈਪ ਕਰਵਾ ਕੇ ਦਫਤਰ ਦੇ ਸਮੇਂ ਦੌਰਾਨ "ਰਿਸੋਰਸ ਪਰਸਨ ਸੈੱਲ, ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ, ਐਸ.ਏ.ਐਸ.ਨਗਰ" ਪਾਸ ਦਸਤੀ ਰੂਪ ਵਿੱਚ ਜਾਂ ਡਾਕ ਰਾਹੀਂ ਭੇਜ ਸਕਦੇ ਹਨ। ਡਾਕ ਰਾਹੀਂ ਭੇਜੀਆਂ ਅਰਜ਼ੀਆਂ ਦੇ ਲਿਫਾਫੇ ਉੱਪਰ ਮੋਟਾ ਕਰ ਕੇ ਲਿਖਿਆ ਜਾਵੇ 'ਰਿਸੋਰਸ ਪਰਸਨ ਲਈ ਅਰਜੀ'।
- ਜਿਹੜੇ ਉਮੀਦਵਾਰ ਪਹਿਲਾਂ ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ ਦੇ ਪੈਨਲ ਉੱਪਰ ਹਨ ਉਨ੍ਹਾਂ ਨੂੰ ਨਵੇਂ ਸਿਰੇ ਤੋਂ ਅਰਜ਼ੀ ਦੇਣ ਦੀ ਲੋੜ ਨਹੀਂ ਹੈ।

ਜ਼ਾਰੀ ਕਰਤਾ: ਡਾਇਰੈਕਟਰ
ਪ੍ਰਾਦੇਸ਼ਿਕ ਦਿਹਾਤੀ ਵਿਕਾਸ ਸੰਸਥਾ, ਐਸ.ਏ.ਐਸ.ਨਗਰ।